BRAMPTON Flower City
brampton.ca

media release

ਤੁਰੰਤ ਰਿਲੀਜ਼ ਲਈ

## ਬ੍ਰੈਂਪਟਨ ਵਿੱਚ ਨੌਜਵਾਨਾਂ ਲਈ ਪ੍ਰੇਰਨਾਦਾਇਕ ਕਾਰਜਕਰਮ ਹੋਣ ਵਾਲਾ ਹੈ!

### *ਸਿਟੀ 14 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਪ੍ਰੇਰਨਾ ਦੇਣ ਅਤੇ ਸ਼ਾਮਲ ਕਰਨ ਲਈ ਡਬਲਯੂ.ਟੀ.ਐਫ.: ਵੀ ਦ ਫਿਊਚਰ ਸਿੰਪੋਜੀਅਮ ਅਤੇ ਸੋਸ਼ਲ ਕਾਰਜਕਰਮ ਦਾ ਆਯੋਜਨ ਕਰ ਰਹੀ ਹੈ।*

ਬ੍ਰੈਂਪਟਨ, ਓਨਟੈਰੀਓ (12 ਨਵੰਬਰ, 2019) – ਸਿਟੀ ਆਫ ਬ੍ਰੈਂਪਟਨ ਵਿਖੇ ਡਬਲਯੂ.ਟੀ.ਐਫ (WTF) ਦਾ ਬਿਲਕੁੱਲ ਨਵਾਂ ਮਤਲਬ ਹੈ!

ਸ਼ਨੀਵਾਰ, 16 ਨਵੰਬਰ ਨੂੰ, 14 ਤੋਂ 29 ਸਾਲ ਦੇ ਨੌਜਵਾਨਾਂ ਨੂੰ ਲੈਸਟਰ ਬੀ. ਪੀਅਰਸਨ (ਐਲ.ਬੀ.ਪੀ.) (Lester B. Pearson) (LBP) ਥਿਏਟਰ ਵਿਖੇ, *ਡਬਲਯੂ.ਟੀ.ਐਫ.: ਵੀ ਦ ਫਿਊਚਰ (WTF: We The Future)* ਲਈ ਸੱਦਾ ਦਿੱਤਾ ਜਾਂਦਾ ਹੈ। ਇਹ ਨੌਜਵਾਨਾਂ ਲਈ ਇੱਕ ਸਿੰਪੋਜੀਅਮ ਵਾਲਾ ਅਤੇ ਸਮਾਜਿਕ ਕਾਰਜਕਰਮ ਹੈ। ਇਸ ਕਾਰਜਕਰਮ ਵਿੱਚ ਕਈ ਪ੍ਰਭਾਵਸ਼ਾਲੀ ਸੈਸ਼ਨ, ਭਾਈਚਾਰਕ ਮੇਲਾ, ਲਾਈਵ ਮਨੋਰੰਜਨ ਆਦਿ ਪੇਸ਼ ਕੀਤਾ ਜਾਵੇਗਾ।

**ਸਿੰਪੋਜੀਅਮ: ਸ਼ਾਮ 4 ਤੋਂ 6 ਵਜੇ ਤੱਕ**

ਨੌਜਵਾਨ ਕਈ ਤਰ੍ਹਾਂ ਦੇ ਵਿਸ਼ਿਆਂ ਤੇ ਪ੍ਰੇਰਨਾਦਾਇਕ ਅਤੇ ਸ਼ਮੂਲੀਅਤ ਵਾਲੇ 40-ਮਿੰਟਾਂ ਦੇ ਜਾਣਕਾਰੀ ਸੈਸ਼ਨਾਂ ਲਈ ਸਾਈਨ ਅੱਪ ਕਰ ਸਕਦੇ ਹਨ। ਹੇਠਾਂ ਦਿੱਤੇ ਸੈਸ਼ਨ ਸ਼ਾਮ 4 ਵਜੇ ਅਤੇ ਦੁਬਾਰਾ ਸ਼ਾਮ 5 ਵਜੇ ਹੋਣਗੇ।

- **ਐਂਟਰਪ੍ਰੀਨੀਅਰਸ਼ਿਪ ਫ੍ਰੱਮ ਦ ਗ੍ਰਾਊਂਡ ਅਪ! (Entrepreneurship from the Ground up)!** ਟੀ ਬਾਇ ਡੇਨਿਅਲ (T By Daniel) ਦੇ ਮਾਲਕ, ਡੇਨਿਅਲ ਲੁਈਸ (Daniel Lewis); ਬ੍ਰਾਈਡ ਪਲਸ ਗ੍ਰੂਮਡ (Bride + Groomed) ਦੀ ਸੀ.ਈ.ਓ. ਅਤੇ ਸੰਸਥਾਪਕ, ਕਵਿਤਾ ਕਪਿਲ (Kavita Kapil); ਡੀਮਾਈਂਡਿਡ (DMinded) ਦੇ ਸੀ.ਈ.ਓ., ਸ਼ੌਨ ਗੁਲਾਮ (Shaun Ghulam); ਅਤੇ ਕੈਂਪਸ ਲੀਡ ਆਫ ਐਜ, ਸ਼ੇਰੀਡਨ ਕਾਲੇਜ (Campus Lead of EDGE, Sheridan College), ਜੌਨ ਲੈਮ (John Lam) ਦੇ ਨਾਲ
- **ਸਿਵਿਕ ਐਕਸ਼ਨ! ਦ ਡੈਮੋਕ੍ਰੇਟਿਕ ਪਾਵਰ ਆਫ ਯੂਥ! (Civic Action! The Democratic Power of Youth!)** ਵਿਜ਼ਨ ਬ੍ਰੈਂਪਟਨ (Vision Brampton) ਦੀ ਸੰਸਥਾਪਕ ਅਤੇ ਐਗਜ਼ੀਕਿਊਟਿਵ ਡਾਇਰੈਕਟਰ, ਮੈਰੀਲਿਨ ਵਰਗਿਸ (Marilyn Verghis) ਦੇ ਨਾਲ
- **ਦ ਲਾੱ ਐਂਡ ਯੂ – ਅ ਪਾਥਵੇ ਟੂ ਅੰਡਰਸਟੈਂਡਿੰਗ ਐਂਡ ਐਕਸ਼ਨ (The Law and You – A Pathway to Understanding and Action)** ਵਕੀਲ ਅਤੇ ਨੋਟਰੀ ਪਬਲਿਕ, ਅਲੈਕਸ ਬੈਟਿਕ (Alex Battick) ਦੇ ਨਾਲ
- **7 ਸੈਕੰਡਸ ਟੂ ਮੇਕ ਐਨ ਇੰਪ੍ਰੈਸ਼ਨ (7 Seconds to Make an Impression)**, ਸਿਟੀ ਆਫ ਬ੍ਰੈਂਪਟਨ ਵਿਖੇ ਟੈਲੈਂਟ ਐਕਵੀਜਿਸ਼ਨ ਐਡਵਾਈਜ਼ਰ, ਨਤਾਸ਼ਾ ਪਿਸਾਨੀ (Natasha Pisani) ਦੇ ਨਾਲ

ਸਿੰਪੋਜੀਅਮ ਦੇ ਹਿੱਸੇ ਦੇ ਤੌਰ ਤੇ, ਸ਼ਾਮਲ ਹੋਣ ਵਾਲਿਆਂ ਕੋਲ ਸਕੂਲਾਂ, ਕਾਰੋਬਾਰੀਆਂ, ਸੰਗਠਨਾਂ ਅਤੇ ਸਿਟੀ ਨਾਲ ਲਾਇਬ੍ਰੇਰੀ ਵਿਖੇ ਭਾਈਚਾਰਕ ਮੇਲੇ ਵਿੱਚ ਜੁੜਨ ਦਾ ਮੌਕਾ ਹੋਵੇਗਾ। ਪ੍ਰਦਰਸ਼ਨੀਆਂ ਲਗਾਉਣ ਵਾਲਿਆਂ ਵਿੱਚ ਸ਼ਾਮਲ ਹਨ, ਅਲਗੋਮਾ ਯੂਨੀਵਰਸਿਟੀ ਸਕੂਲ ਆਫ ਬਿਜਨੇਸ ਐਂਡ ਇਕੋਨੋਮਿਕਸ (Algoma University School of Business & Economics); ਬ੍ਰੈਂਪਟਨ ਮਲਟੀਕਲਚਰਲ ਕਮਿਊਨਿਟੀ ਸੈਂਟਰ (Brampton Multicultural Community Centre); ਸ਼ੈਰੀਡਨ ਕਾਲੇਜ (Sheridan College); ਵਿਜ਼ੁਅਲ ਆਰਟਸ ਬ੍ਰੈਂਪਟਨ (Visual Arts Brampton); ਆਦਿ।

**ਸੋਸ਼ਲ: ਸ਼ਾਮ 7 ਤੋਂ ਰਾਤ 9 ਵਜੇ ਤੱਕ**

ਸੋਸ਼ਲ ਸੈਸ਼ਨ ਵਿੱਚ ਕੈਨੇਡਿਅਨ ਗਾਇਕ-ਗੀਤਕਾਰ ਅਤੇ ਜੂਨੋ ਅਵਾਰਡ (Juno Award) ਨਾਮਾਂਕਿਤ ਪੀਟਰ ਕੈਟਜ਼ (Peter Katz) ਦਾ ਮੁੱਖ ਬੁਲਾਰਾ ਹੋਵੇਗਾ, ਅ ਨਿਊ ਡੀ.ਏ.ਈ.ਆਈ. (A New DAEI) ਡਾਂਸ ਟਰੂਪ, ਰੀਕੋ ਰੀਫ (Reeko Rieffe), ਸੇਲੇਨਾ ਢਿੱਲੋਂ (Selena Dhillon) ਅਤੇ ਸੈਂਟ ਰੋਚ ਜੈਮ ਕਲੱਬ (St. Roch Jam Club) ਵੱਲੋਂ ਲਾਈਵ ਪ੍ਰਦਰਸ਼ਨ ਹੋਣਗੇ। ਨੌਜਵਾਨ ਐਡਵੋਕੇਟ ਓਰਲੈਂਡੋ ਬੋਵੇਨ (Orlando Bowen) ਪ੍ਰੇਰਕ ਗੱਲਾਂ ਸੁਣਾਉਣਗੇ। ਪ੍ਰਤਿਭਾਸ਼ਾਲੀ ਕਾਮੇਡਿਅਨ ਸੁਪਰੀਮ ਇਰੀ (Supreme Irie) ਰਾਤ ਦੀ ਮੇਜਬਾਨੀ ਕਰਨਗੇ। ਰਿਫਰੈਸ਼ਮੈਂਟਸ ਉਪਲਬਧ ਹੋਣਗੇ।

ਡਬਲਯੂ.ਟੀ.ਐਫ.: ਵੀ ਦ ਫਿਊਚਰ, ਬ੍ਰੈਂਪਟਨ ਦੀ ਪਹਿਲੀ ਨੌਜਵਾਨਾਂ ਲਈ, ਨੌਜਵਾਨਾਂ ਵੱਲੋਂ ਕਾਰਜਨੀਤੀ ਦਾ ਹਿੱਸਾ ਹੈ। ਇਸ ਕਾਰਜਨੀਤੀ ਲਈ 19 ਜੂਨ ਨੂੰ ਸਿਟੀ ਕਾਉਂਸਿਲ (City Council) ਵੱਲੋਂ ਸਰਬ-ਸੰਮਤੀ ਨਾਲ ਸਮਰਥਨ ਦਿੱਤਾ ਗਿਆ ਸੀ। ਇਸ ਸਮੇਂ ਓਨਟੈਰੀਓ ਵਿੱਚ ਇਸ ਤਰ੍ਹਾਂ ਦੀ ਕੋਈ ਹੋਰ ਕਾਰਜਨੀਤੀ ਨਹੀਂ ਹੈ।

ਸੈਸ਼ਨਾਂ ਲਈ ਰਜਿਸਟਰ ਕਰਨ ਅਤੇ ਸੋਸ਼ਲ ਵਾਸਤੇ ਟਿਕਟਾਂ ਲੈਣ ਲਈ ਇੱਥੇ ਕਲਿੱਕ ਕਰੋ। (Click here to register for sessions and get tickets to the social.)

ਬ੍ਰੈਂਪਟਨ ਵਿੱਚ ਨੌਜਵਾਨਾਂ ਲਈ ਮੌਕਿਆਂ ਬਾਰੇ ਹੋਰ ਜਾਣਨ ਲਈ ਇੱਥੇ ਕਲਿੱਕ ਕਰੋ। (Click here to learn more about opportunities for youth in Brampton.)

ਹਰੇ-ਭਰੇ ਸ਼ਹਿਰ (Green City) ਦੇ ਤੌਰ ਤੇ, ਅਸੀਂ ਸਾਰਿਆਂ ਨੂੰ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਤੇ ਸਫਰ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਕਾਰਜਕਰਮ ਪੂਰੀ ਸਹੂਲਤ ਨਾਲ ਬ੍ਰੈਮਲੀ ਟਰਮੀਨਲ (Bramalea Terminal) ਦੇ ਨਾਲ ਸੱਜੇ ਪਾਸੇ ਹੋਵੇਗਾ। ਆਪਣਾ ਰੂਟ ਜਾਣਨ ਲਈ www.bramptontransit.com ਤੇ ਜਾਓ।

**ਹਵਾਲਾ**

"ਬ੍ਰੈਂਪਟਨ ਕੈਨੇਡਾ ਵਿੱਚ ਸਭ ਤੋਂ ਵੱਧ ਨੌਜਵਾਨਾਂ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ। ਅਸੀਂ ਸਾਡੇ ਨੌਜਵਾਨਾਂ ਨੂੰ ਸਿੱਖਣ, ਵਿਕਸਿਤ ਹੋਣ, ਖੇਡਣ ਅਤੇ ਆਪਣੇ ਕੈਰੀਅਰਾਂ ਦੀ ਸ਼ੁਰੂਆਤ ਕਰਨ ਵਾਸਤੇ ਅਸੀਮ ਮੌਕੇ ਮੁਹੱਈਆ ਕਰਨ ਲਈ ਵਚਨਬੱਧ ਹਾਂ। ਸਾਡੇ ਨੌਜਵਾਨ, ਸਾਡਾ ਭਵਿੱਖ ਹਨ। ਮੈਂ 14 ਤੋਂ 29 ਸਾਲ ਦੀ ਉਮਰ ਵਾਲੇ ਸਾਰੇ ਨੌਜਵਾਨਾਂ ਨੂੰ ਇਸ ਰੋਮਾਂਚਕ ਕਾਰਜਕਰਮ ਵਿੱਚ ਸ਼ਾਮਲ ਹੋਣ, ਆਪਣੇ ਨੈੱਟਵਰਕਾਂ ਦਾ ਵਿਸਤਾਰ ਕਰਨ ਅਤੇ ਮਜ਼ਾ ਲੈਣ ਲਈ ਉਤਸ਼ਾਹਿਤ ਕਰਦਾ ਹਾਂ!"

- *ਮੇਅਰ ਪੈਟਰਿਕ ਬ੍ਰਾਊਨ ( Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca